# Victorian Seniors Card









ਇਹ ਇੱਕ Seniors Card ਹੈ, ਅਤੇ ਇਸਦੇ ਬਹੁਤ ਸਾਰੇ ਲਾਭ ਅਤੇ ਛੋਟਾਂ ਹਨ।

Seniors Card ਦਾ ਉਦੇਸ਼ ਬਜੁਰਗਾਂ ਨੂੰ ਭਾਈਚਾਰੇ ਵਿੱਚ ਸਰਗਰਮ ਅਤੇ ਜੁੜੇ ਰਹਿਣ ਲਈ ਉਤਸ਼ਾਹਿਤ ਕਰਨਾ ਹੈ, ਜੋ ਬਜੁਰਗਾਂ ਲਈ ਬਾਹਰ ਆਉਣਾ-ਜਾਣਾ ਵਧੇਰੇ ਕਿਫ਼ਾਇਤੀ ਬਣਾਉਂਦਾ ਹੈ।

ਵਿਕਟੋਰੀਆ ਵਿੱਚ Seniors Card ਲਈ ਯੋਗ ਹੋਣ ਲਈ ਤੁਹਾਡੀ ਉਮਰ ਲਾਜ਼ਮੀ 60 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ, ਹਾਲਾਂਕਿ ਤੁਸੀ 60 ਸਾਲ ਦੇ ਹੋਣ ਤੋਂ ਚਾਰ ਹਫ਼ਤੇ ਪਹਿਲਾਂ ਕਾਰਡ ਲਈ ਅਰਜ਼ੀ ਦੇ ਸਕਦੇ ਹੋ।

ਤੁਸੀ ਲਾਜ਼ਮੀ ਤੌਰ ‘ਤੇ ਵਿਕਟੋਰੀਆ ਵਿੱਚ ਰਹਿੰਦੇ ਆਸਟਰ੍ਰੇਲੀਆ ਦੇ ਪੱਕੇ ਨਿਵਾਸੀ ਹੋਣੇ ਚਾਹੀਦੇ ਹੋ

**ਇੱਥੇ ਦੋ ਵੱਖ-ਵੱਖ ਕਾਰਡ ਹਨ**

- ਜੇਕਰ ਤੁਸੀ ਹਫ਼ਤੇ ਵਿੱਚ 35 ਘੰਟੇ ਤੋਂ ਘੱਟ ਕੰਮ ਕਰਦੇ ਹੋ ਤਾਂ ਤੁਸੀ Seniors Card ਲਈ ਅਰਜ਼ੀ ਦੇ ਸਕਦੇ ਹੋ।
- ਜੇਕਰ ਤੁਸੀ ਹਫ਼ਤੇ ਵਿੱਚ 35 ਘੰਟੇ ਜਾਂ ਵੱਧ ਕੰਮ ਕਰਦੇ ਹੋ ਤਾਂ ਤੁਸੀ Seniors Business discount card ਲਈ ਅਰਜ਼ੀ ਦੇ ਸਕਦੇ ਹੋ।

ਔਨਲਾਈਨ ਅਰਜ਼ੀ ਦੇਣ ਲਈ ਤੁਹਾਡੇ ਕੋਲ ਆਪਣਾ ਮੈਡੀਕੇਅਰ ਕਾਰਡ ਹੋਣਾ ਚਾਹੀਦਾ ਹੈ।

ਇਸ ਵਿੱਚ ਪੰਜ ਮਿੰਟ ਲੱਗਦੇ ਹਨ ਅਤੇ ਇਹ Seniors Card ਮੁਫ਼ਤ ਹੈ।

ਤੁਹਾਡੀ ਸਥਾਨਕ ਲਾਇਬਰ੍ਰੇਰੀ ਵਿੱਚ ਵੀ ਅਰਜ਼ੀ ਫਾਰਮ ਉਪਲਬਧ ਹਨ, ਅਤੇ ਉਹ ਔਨਲਾਈਨ ਫਾਰਮ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਨ।

Seniors Card ਧਾਰਕ ਅਤੇ Seniors Business discount card ਧਾਰਕ ਹਜ਼ਾਰਾਂ ਸੀਨੀਅਰ ਕਾਰਡ ਕਾਰੋਬਾਰਾਂ ਤੋਂ ਵਸਤੂਆਂ ਅਤੇ ਸੇਵਾਵਾਂ ‘ਤੇ ਛੋਟ ਲੈਣ ਦਾ ਲਾਭ ਲੈ ਸਕਦੇ ਹਨ।

Seniors Card ਧਾਰਕਾਂ ਲਈ - ਮੁਫ਼ਤ Seniors Myki ਕਾਰਡ ਜਦੋਂ ਤੁਸੀ ਜਨਤਕ ਆਵਾਜਾਈ ਦੇ ਸਾਧਨਾਂ ‘ਤੇ ਛੋਟ ਵਾਲੇ ਪਰੋ੍ਗਰਾਮ ਵਿੱਚ ਸ਼ਾਮਲ ਹੁੰਦੇ ਹੋ

**ਲਾਭਾਂ ਵਿੱਚ ਇਹ ਸ਼ਾਮਲ ਹਨ:**

- ਰੈਸਟੋਰੈਂਟਾਂ ਸਮੇਤ ਹਜ਼ਾਰਾਂ ਕਾਰੋਬਾਰਾਂ ਵਿੱਚ ਛੋਟ।
- ਕਈ ਆਕਰਸ਼ਣਾਂ ‘ਤੇ ਛੋਟ ਜਿਵੇਂ ਕਿ ਮੈਲਬੌਰਨ ਚਿੜੀਆਘਰ ਵਿੱਚ।
- ਮਿਊਜ਼ੀਅਮ ਵਿੱਚ ਦਾਖਲੇ ‘ਤੇ ਛੋਟ।
- ਫਿਲਮ ਟਿਕਟਾਂ ‘ਤੇ ਛੋਟ।

‘Seniors Cards Welcome Here’ ਲੋਗੋ ਦੇਖੋ ਜਾਂ ਜਦੋਂ ਤੁਸੀ ਬਾਹਰ-ਅੰਦਰ ਘੁੰਮਦੇ ਹੋਵੋ ਤਾਂ Seniors Card ਦੀ ਛੋਟ ਲਈ ਪੁੱਛੋ।

## ਔਨਲਾਈਨ ਅਰਜ਼ੀ ਦਿਓ ਤਾਂ ਜੋ ਤੁਸੀ ਅੱਜ ਹੀ Seniors Card ਦੇ ਲਾਭ ਪਰ੍ਹਾਪਤ ਕਰਨਾ ਸ਼ੁਰੂ ਕਰ ਸਕੋ।

## www.seniorsonline.vic.gov.au

SENIORS CARD